# WORLD SIKH ORGANIZATION

**www.worldsikh.org**

## Media Release

### ਹਿੰਦੋਸਤਾਨੀ ਗੌਰਮਿੰਟ ਵਲੋਂ ਸਿੱਖਾਂ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਹਰਕਤਾਂ ਫਿਰ ਤੋਂ ਸ਼ੁਰੂ!!

(ਔਟਵਾ ਮਈ 1, 2008) – ਹਿੰਦੋਸਤਾਨੀ ਗੌਰਮਿੰਟ ਵਲੋਂ ਪ੍ਰਦੇਸਾਂ ਵਿਚ ਵੱਸ ਰਹੇ ਸਿੱਖਾਂ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਹਰਕਤਾਂ ਹਰ ਨਿਤ ਸੁਨਣ ਜਾਂ ਪੜਨ ਨੂੰ ਮਿਲਦੀਆਂ ਹਨ। ਕੈਨੇਡੀਅਨ ਗੌਰਮਿੰਟ ਕੋਲ ਇਹ ਸ਼ਕਾਇਤਾਂ ਇਕ ਸੁਲਝੇ ਤਰੀਕੇ ਨਾਲ ਪੇਸ਼ ਕੀਤੀਆਂ ਜਾਂਦੀਆਂ ਹਨ।

ਸਿੱਖ ਭਾਈਚਾਰਾ ਨਾ ਸਮਝੀ ਕਰਕੇ ਅਣਗਾਉਲਿਆਂ ਕਰਦਾ ਹੋਇਆ ਇਨ੍ਹਾਂ ਹਰਕਤਾਂ ਨੂੰ ਅੱਖੋਂ ਪਰੋਖੇ ਕਰਦਾ ਜਾ ਰਿਹਾ ਹੈ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਜੀ ਨੂੰ ਹਿੰਦੋਸਤਾਨੀ ਖੁਫੀਆ ਵਿਭਾਗ ਦੇ ਕਾਰਕੂਨਾਂ ਦੇ ਕੰਮ ਕਰਨ ਦੇ ਤੌਰ ਤਰੀਕਿਆਂ ਤੋਂ ਜਾਣੂੰ ਕਰਵਾਈਏ। ਇਸ ਦੀ ਇਕ ਉਧਾਰਣ ਪੇਸ਼ ਹੈ।

- ਮਲੋਏ ਕ੍ਰਿਸ਼ਨਾਂ ਧਰ (Maloy Krishna Dhar) ਆਪਣੀ ਕਿਤਾਬ ਖੂਫੀਆ ਖੁਲਾਸਾ (Open Secrets) ਦੇ ਪੰਨਾ 283 ਉਪਰ ਲਿਖਦਾ ਹੈ ਕਿ ," ਸਤੰਬਰ 1983 ਵਿਚ ਇੰਦਰਾ ਗਾਂਧੀ ਨੇ ਮੈਨੂੰ ਮਿਲਣ ਲਈ ਬੁਲਾਵਾ ਭੇਜਿਆ। ਮੁਲਾਕਾਤ ਦੁਰਾਨ ਉਸਨੇ ਅਤੀਅੰਤ ਹਮਦਰਦੀ ਭਰੇ ਸ਼ਬਦਾਂ ਵਿਚ ਮੇਰੀ ਪਤਨੀ ਅਤੇ ਬਚਿਆਂ ਦਾ ਹਾਲ ਚਾਲ ਪੁੱਛਿਆ ਅਤੇ ਨਾਲ ਹੀ ਦਿੱਲੀ ਵਿਚ ਚੋਣਾਂ ਦੁਰਾਨ ਉਸਦੀ ਮਦਦ ਕਰਨ ਲਈ ਧੰਨਵਾਦ ਕੀਤਾ। ਮੁਲਾਕਾਤ ਤੋਂ ਬਾਦ ਮੈਂ ਅਲਵਿਦਾ ਕਹਿਣ ਹੀ ਵਾਲਾ ਸੀ ਕਿ ਉਸਨੇ ਮੈਨੂੰ ਰੁਕਣ ਲਈ ਕਿਹਾ। ਅਤੇ ਕੈਨੇਡਾ ਦੇ ਹਾਈ ਕਮੀਸ਼ਨ ਵਿਚ ਤਬਦੀਲੀ ਬਾਰੇ ਪੁੱਛਿਆ? ਮੈ ਇਸ ਅੰਦਾਜ਼ ਤੋਂ ਇੱਕ ਦਮ ਖ਼ਾਮੋਸ਼ ਹੋ ਗਿਆ" ....... ਅਕਤੂਬਰ 22, 1983 ਨੂੰ ਮੈ ਕੈਨੇਡਾ ਲਈ ਚਾਲੇ ਪਾ ਦਿੱਤੇ.
- ਹਿੰਦੋਸਤਾਨੀ ਵਿਦੇਸ਼ੀ ਮੰਤਰਾਲੈ ਨੇ ਮੈਨੂੰ ਸੰਖੇਪ ਰੂਪ ਵਿਚ ਖੁੱਲ੍ਹੀ ਜ਼ਿੰਮੇਵਾਰੀ ਦਿੱਤੀ ਜਿਸ ਵਿਚ ਕੈਨੇਡਾ ਦੀ ਆਰ ਸੀ ਐਮ ਪੀ ਨਾਲ ਤਾਲਮਾਲ ਪੈਦਾ ਕਰਨਾ ਇਕ ਜ਼ਿੰਮੇਵਾਰੀ ਸੀ।
- ਉਸ ਸਮੇਂ ਕੈਨੇਡਾ ਵਿਚ ਸ਼ਿਵਾ ਰਾਮਕ੍ਰਿਸ਼ਨਨ ਭਾਰਤੀ ਹਾਈ ਕਮਿਸ਼ਨਰ ਸੀ। ਮੇਰੀ ਪਹਿਲੀ ਮੁਲਾਕਾਤ ਵਿਚ ਸਿੱਖਾਂ ਦੇ ਜੁਝਾਰੂ ਵਰਗ ਨੂੰ ਠੱਲ ਪਾਉਣ ਲਈ, ਉਸਨੇ ਮੇਰੀ ਇਨਫਰਮੇਸ਼ਨ ਅਤੇ ਪਬਲੀਸਿਟੀ ਦੀ ਜ਼ਿੰਮੇਵਾਰੀ ਲਾਈ । ਸਿੱਖਾਂ ਦੇ ਗੁਰਦੁਆਰਿਆਂ ਵਿਚ ਘੁਸਪੈਠ ਕਰਕੇ ਆਪਣੀ ਹਮਦਰਦੀ ਪੈਦਾ ਕਰਨੀ ਅਤੇ ਸਿੱਖ ਭਾਈਚਾਰੇ ਦੇ ਜਾਣੇ

ਪਹਿਚਾਣੇ ਆਗੂਆਂ ਨੂੰ ਹਿੰਦੋਸਤਾਨੀ ਪੱਖ ਨਾਲ ਸਹਿਮਤ ਕਰਨਾ ਅਤੇ ਕੌਮ ਨੂੰ ਦੋਫਾੜ ਕਰਨਾ। ਇਨ੍ਹਾਂ ਸਾਰੀਆਂ ਹਰਕਤਾਂ ਦਾ ਕਿਸੇ ਨੂੰ ਪਤਾ ਨਾ ਲੱਗਣ ਦੇਣਾਂ।

- ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਮੈਂ ਔਟਵਾ ਗੁਰਦੁਆਰੇ ਜਾਣਾ ਸ਼ੁਰੂ ਕੀਤਾ! ਮੇਰੀ ਸੁਰਖਿਆ ਲਈ ਤਿੰਨ ਪੈਰਾਮਿਲੇਟਰੀ ਸਪਾਹੀਆਂ ਦੀ ਡਿਉਟੀ ਸੀ! ਭਾਰਤੀ ਮੂਲ ਦੇ ਕੁਝ ਲੋਕਾਂ ਨੇ ਮੇਰਾ ਸਾਥ ਦਿੱਤਾ।

ਅਗੋਂ ਕੀ ਵਾਪਰਿਆ ਉਸ ਦਾ ਇੰਤਜ਼ਾਰ ਅਗਲੀ ਪ੍ਰੈਸ ਰਿਲੀਜ਼ ਤਕ ਕਰਨਾ ਜੀ।

-੩੦-

ਹੋਰ ਜਾਣਕਾਰੀ ਲਈ ਸੰਪਰਕ ਕਰੋ

ਮੇਜਰ ਜਸਬੀਰ ਸਿੰਘ (780-457-3333) email.magmaint@hotmail.com

ਜਾਂ

ਗਿਆਨ ਸਿੰਘ ਸੰਧੂ (250-305-2440) email.gian@jackpinegroup.com